# ਪਾਠ 5
# ਆਤਮਿਕ ਅਨੁਸ਼ਾਸਨ ਅਤੇ ਉਪਰ ਦੀਆਂ ਕੀਮਤਾਂ
## ਮੱਤੀ 6: 1-34



ਮਨੋਰਥ: ਪਰਮੇਸ਼ੁਰ ਨਾਲ ਸੰਬੰਧ ਰੱਖਣ ਲਈ ਉਸ ਦੇ ਚੇਲਿਆਂ ਲਈ ਸਿਖਾਏ ਯਿਸੂ ਦੇ ਅਨੁਸ਼ਾਸਨ ਨੂੰ ਸਮਝਣਾ

ਯਿਸੂ ਨੇ ਉਸ ਦੇ ਚੇਲਿਆਂ ਨੂੰ ਧੰਨ ਵਰਤਾਉ ਤੇ ਧਿਆਨ ਕਰਨਾ ਸਿਖਾਈਆ ਸੀ, ਜੋ ਉਹਨਾਂ ਦੇ ਦਿਲਾਂ ਵਿੱਚ ਹੋਣਾ ਚਾਹੀਦਾ ਹੈ, ਅਤੇ ਉਸ ਨੇ ਉਹਨਾਂ ਨੇ ਓਹਨਾਂ ਧੰਨ ਵਰਤਾਉ ਨੂੰ ਉਹਨਾਂ ਦੇ ਸੰਬੰਧਾਂ ਵਿੱਚ ਲਾਗੂ ਕਰਨਾ ਸਿਖਾਈਆ ਸੀ। ਹੁਣ ਮੱਤੀ ਅਧਿਆਏ 6 ਵਿੱਚ, ਉਹ ਉਸ ਦੇ ਚੇਲਿਆਂ ਨੂੰ ਇੱਕ ਹੋਰ ਦਿਸ਼ਾ ਵੱਲ ਵੇਖਣ ਲਈ ਆਖਦਾ ਹੈ, ਪਰਮੇਸ਼ੁਰ ਨਾਲ ਉਹਨਾਂ ਦੇ ਸੰਬੰਧ ਵੱਲ। ਉਹਨਾਂ ਨੇ ਚੇਲੇ ਹੁੰਦੇ ਹੋਏ ਨਿਸ਼ਚਤ ਆਤਮਿਕ, ਜਾਂ ਉਪਰ ਦੇ, ਅਨੁਸ਼ਾਸਨ ਅਤੇ ਕੀਮਤਾਂ ਦਾ ਪਾਲਣ ਕਰਨ ਦੁਆਰਾ ਉਹਨਾਂ ਦੇ ਸਮਰਪਣ ਅਨੁਸਾਰ ਰਹਿਣਾ ਹੈ ।



## ਦੇਣ ਦੇ ਆਤਮਿਕ ਅਨੁਸ਼ਾਸਨ



" ਖ਼ਬਰਦਾਰ, ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸੁਰਗ ਵਿੱਚ ਹੈ ਤੁਹਾਡਾ ਕੁੱਝ ਫਲ ਨਹੀਂ । ਸੋ ਜਦ ਤੂੰ ਦਾਨ ਕਰੇਂ ਆਪਣੇ ਮੂਹਰੇ ਤੁਰਹੀ ਨਾ ਬਜਵਾ ਜਿਸ ਪਰਕਾਰ ਕਪਟੀ ਸਮਾਜਾਂ ਅਤੇ ਰਸਤਿਆਂ ਵਿੱਚ ਕਰਦੇ ਹਨ ਭਈ ਲੋਕ ਉਨ੍ਹਾਂ ਦੀ ਵਡਿਆਈ ਕਰਨ । ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ । ਪਰ ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ । ਭਈ ਤੇਰਾ ਦਾਨ ਗੁਪਤ ਵਿੱਚ ਹੋਵੇ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇ" । -ਮੱਤੀ 6:1-4

ਪਹਿਲਾ ਆਤਮਿਕ ਅਨੁਸ਼ਾਸਨ ਜਿਹੜਾ ਯਿਸੂ ਉਹਨਾਂ ਤੋਂ ਚਾਹੁੰਦਾ ਜੋ ਉਸ ਦੇ ਹੱਲ ਹੋਣਾ ਚਾਹੁੰਦੇ ਹਨ – ਧਰਤੀ ਦੇ ਲੂਣ ਅਤੇ ਜਗਤ ਦਾ ਚਾਨਣ – ਉਹ ਭੰਡਾਰੀਪਣ ਦਾ ਅਨੁਸ਼ਾਸਨ । ਬਾਈਬਲ ਦਾ ਭੰਡਾਰੀਪਣ ਸਮਝਦੀ ਹੈ ਕਿ ਜੋ ਕੁਝ ਵੀ ਸਾਡੇ ਕੋਲ ਹੈ ਅਤੇ ਜੋ ਕੁਝ ਵੀ ਅਸੀਂ ਹਾਂ (ਸੇਹਤ, ਯੋਗਤਾਵਾਂ, ਜਾਇਦਾਦ, ਅਰਥ ਪ੍ਰਬੰਧ, ਪਰਿਵਾਰ, ਆਦਿ।) ਪਰਮੇਸ਼ੁਰ ਨਾਲ ਸੰਬੰਧ ਰੱਖਦਾ ਹੈ ਅਤੇ ਸਿਰਫ਼ ਪ੍ਰਬੰਧਕ ਹਾਂ । ਅਤੇ ਭੰਡਾਰੀਪਣ – ਪ੍ਰਬਧਕ ਦੀ ਕਿਸਮ ਜਿਸ ਨੂੰ ਪਰਮੇਸ਼ੁਰ ਇਨਾਮ ਦਿੰਦਾ ਹੈ ਗੁਪਤ ਅਤੇ ਭਗਤੀਪੂਰਣ ਦੇਣਾ ਹੈ– ਜੋ ਲੋਕਾਂ ਨੂੰ ਪ੍ਰਭਾਵਿਤ ਕਰਨ ਦੇ ਇੱਕ ਸਮਤਲ ਕੇਂਦਰ ਦੀ ਬਜਾਏ ਪਰਮੇਸ਼ੁਰ ਤੇ ਇੱਕ ਉਪਰ ਦੇ ਕੇਂਦਰ ਨੂੰ ਦਰਸਾਉਂਦਾ ਹੈ। ਯਿਸੂ ਦੇ ਦਿਨਾਂ ਵਿੱਚ ਧਾਰਮਿਕ ਆਗੂਆਂ ਦਾ ਦੇਣਾ ਪਾਖੰਡ ਸੀ, ਅਤੇ ਯਿਸੂ ਨੇ ਕਿਹਾ ਜੋ ਦੂਸਰੀਆਂ ਦੇ ਵੇਖੇ ਜਾਣ ਲਈ ਦਿੰਦੇ ਹਨ ਨੇ ਪਹਿਲਾਂ ਤੋਂ ਹੀ ਉਹਨਾਂ ਦੇ ਇਨਾਮ ਨੂੰ ਪ੍ਰਾਪਤ ਕਰ ਲਿਆ ਹੈ: ਮਨੁੱਖਾਂ ਦੀ ਪ੍ਰਸ਼ੰਸਾ । ਸੱਚੀ ਧਾਰਮਿਕਤਾ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਇੱਕ ਇੱਛਾ ਤੋਂ ਪ੍ਰੇਰਿਤ ਨਹੀਂ ਹੁੰਦੀ ਹੈ, ਅਤੇ ਜੋ ਗੁਪਤ ਵਿੱਚ ਕੀਤਾ ਜਾਂਦਾ ਹੈ ਪਰਮੇਸ਼ੁਰ ਉਸ ਨੂੰ ਖੁੱਲੇ ਵਿੱਚ ਇਨਾਮ ਦਿੰਦਾ ਹੈ ।

1. ਮੱਤੀ 6:4 ਵਿੱਚ, ਯਿਸੂ ਆਖਦਾ ਹੈ ਕਿ ਜੋ ਗੁਪਤ ਵਿੱਚ ਦਿੰਦੇ ਹਨ ਪਰਮੇਸ਼ੁਰ ਉਹਨਾਂ ਨੂੰ _______________ਦਿੰਦਾ ਹੈ ।

2. ਸਹੀ ਜਾਂ ਗਲਤ : ਫ਼ਰੀਸੀ ਅਸਲ ਵਿੱਚ ਲੋਕਾਂ ਨੂੰ ਵਿਖਾਉਣਾ ਚਾਹੁੰਦੇ ਸਨ ਕਿ ਕਿੰਨੇ ਦਿਯਾਲੂ ਉਹ ਸਨ।

3. ਸਹੀ ਜਾਂ ਗਲਤ : ਜਦੋਂ ਯਿਸੂ ਨੇ ਅਧਿਆਏ 5 ਵਿੱਚ ਕਿਹਾ ਕਿ ਤੁਹਾਡਾ ਚਾਨਣ ਮਨੁੱਖਾਂ ਸਾਹਮਣੇ ਚਮਕੇ (ਆਇਤ 16 ) ਤਾਂ ਉਸ ਦੇ ਅਰਥ ਦਾ ਫ਼ਰੀਸੀ ਇੱਕ ਚੰਗਾ ਉਦਾਹਰਣ ਸਨ ।

4. ਯਿਸੂ ਨੇ ਚੇਲਿਆਂ ਨੂੰ ਕਿਹਾ ਕਿ ਤੁਹਾਡਾ ਚਾਨਣ ਮਨੁੱਖਾਂ ਸਾਹਮਣੇ ਚਮਕੇ ਅਤੇ ਅਤੇ ਤਦ ਫ਼ਰੀਸੀਆਂ ਦੀ ਧਾਰਮਿਕਤਾ ਦੇ ਕੰਮਾਂ ਨੂੰ ਵਿਖਾਏ ਜਾਣ ਲਈ ਕੀਤੇ ਜਾਣ ਤੇ ਨਿੰਦਾ ਕਿਉਂ ਕੀਤੀ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ)
   ੳ. ਕਿਉਂਕਿ ਫ਼ਰੀਸੀਆਂ ਦੇ ਦਿਲ ਦਾ ਉੱਦੇਸ਼ ਉਹਨਾਂ ਦੀ ਆਪਣੀ ਵਡਿਆਈ ਸੀ
   ਅ. ਕਿਉਂਕਿ ਯਿਸੂ ਫ਼ਰੀਸੀਆਂ ਦੇ ਇਰਾਦੇ ਤੋਂ ਈਰਖਾ ਕਰਦਾ ਸੀ
   ੲ. ਕਿਉਂਕਿ ਫ਼ਰੀਸੀ ਉਹਨਾਂ ਦੀ ਆਪਣੀ ਧਾਰਮਿਕਤਾ ਤੋਂ ਕੰਮ ਕਰ ਰਹੇ ਸਨ ਅਤੇ ਚੇਲਿਆਂ ਨੂੰ ਉਹਨਾਂ ਦੇ ਅੰਦਰੋ ਪਰਮੇਸ਼ੁਰ ਦੇ ਜੀਵਨ ਤੋਂ ਕੰਮ ਕਰਨਾ ਸੀ
   ਸ. ਕਿਉਂਕਿ ਯਿਸੂ ਦਾ ਇੱਕ ਦੋਗਲਾ ਪੈਮਾਨਾ ਸੀ

5. ਯਿਸੂ ਨੇ ਉਸ ਦੇ ਚੇਲਿਆਂ ਨੂੰ ਗੁਪਤ ਵਿ'ਚ ਦੇਣ ਲਈ ਕਿਉਂ ਕਿਹਾ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ)
   ੳ. ਤਾਂ ਜੋ ਉਹਨਾਂ ਦਾ ਦੇਣ ਦੇ ਉੱਦੇਸ਼ ਸ਼ੁੱਧ ਹੋਣ
   ਅ. ਤਾਂ ਜੋ ਉਹ ਸ਼ਰਮਿੰਦਾ ਨਾ ਹੋਣ ਕਿ ਕਿੰਨਾ ਥੋੜਾ ਉਹ ਦੇ ਸਕਦੇ ਹਨ
   ੲ. ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਉਹਨਾਂ ਦੀ ਖੁੱਲ–ਦਿਲੀ ਉਸ ਵੱਲ ਧਿਆਨ ਆਕਰਸ਼ਤ ਕਰੇ
   ਸ. ਤਾਂ ਜੋ ਪਰਮੇਸ਼ੁਰ ਉਹਨਾਂ ਨੂੰ ਇਨਾਮ ਦੇਵੇ

6. ਸਹੀ ਜਾਂ ਗਲਤ : ਅੱਜ ਕਿਸੇ ਕੋਲ ਵੀ ਉਹਨਾਂ ਦੇ ਚੰਗੇ ਕੰਮਾਂ ਲਈ ਧਿਆਨ ਚਾਹੁਣ ਦੀ ਫ਼ਰੀਸੀਆਂ ਦੀ ਸੱਮਸਿਆ ਨਹੀਂ ਹੈ । "ਧਿਆਨ ਨਾਲ ਵੇਖਣ" ਦਾ ਚਿੱਤ੍ਰ

ਕੀ ਤੁਸੀਂ ਕਦੇਂ ਪਰਮੇਸ਼ੁਰ ਨੂੰ ਗੁਪਤ ਵੇਖੇ ਅਤੇ ਦੂਸਰੀਆਂ ਦੁਆਰਾ ਪ੍ਰਸ਼ੰਸਾ ਕੀਤੇ ਜਾਣ ਦੀ ਇੱਛਾ ਨਾਲ ਦਿੱਤਾ ਹੈ? ਜੇਕਰ ਹਾਂ, ਤੁਸੀਂ ਬਾਅਦ ਵਿੱਚ ਕਿਵੇਂ ਮਹਿਸੂਸ ਕੀਤਾ?
__________________________________________________
__________________________________________________
__________________________________________________
__________________________________________________
__________________________________________________

## ਪ੍ਰਾਰਥਨਾ ਦਾ ਆਤਮਿਕ ਅਨੁਸ਼ਾਸਨ

"ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਪਟੀਆਂ ਵਾਂਙੂ ਨਾ ਹੋ ਕਿਉਂ ਜੋ ਓਹ ਸਮਾਜਾਂ ਅਤੇ ਚੌਕਾਂ ਦੇ ਖੂੰਜਿਆਂ ਵਿੱਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸੰਦ ਕਰਦੇ ਹਨ ਜੋ ਮਨੁੱਖ ਉਹਨਾਂ ਨੂੰ ਵੇਖਣ । ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ ਪਰਾਇਆਂ ਕੌਮਾਂ ਦੇ ਲੋਕਾਂ ਵਾਂਗਰ ਬਕ ਬਕ ਨਾ ਕਰੋ ਕਿਉਂ ਜੋ ਓਹ ਸਮਝਦੇ ਹਨ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ । ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ ਵਸਤਾਂ ਦੀ ਲੋੜ ਹੈ । ਸੋ ਤੁਸੀਂ ਇਸ ਬਿਧ ਪ੍ਰਾਰਥਨਾ ਕਰੋ :

*'ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ,*
*ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ,*
*ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ ।*
*ਸਾਡੀ ਰੋਜ ਦੀ ਰੋਟੀ ਸਾਨੂੰ ਦਿਹ, ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ ।*
*ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ ਕੀਤਾ ਹੈ,*
*ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ।*
*ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ,*
*ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ ।*
*ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਨਾ ਕਰੋ*
*ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ' ।*

-ਮੱਤੀ 6:5-15

ਇਸ ਨੂੰ ਅਕਸਰ "ਪ੍ਰਭੂ ਦੀ ਪ੍ਰਾਰਥਨਾ" ਕਿਹਾ ਜਾਂਦਾ ਹੈ, ਪਰ ਇਸ ਨੂੰ "ਚੇਲਿਆਂ ਦੀ ਪ੍ਰਾਰਥਨਾ" ਕਿਹਾ ਜਾਣਾ ਚਾਹੀਦਾ ਹੈ ਕਿਉਂਕਿ ਯਿਸੂ ਨੇ ਕਦੇ ਵੀ ਖ਼ੁੱਦ ਇਹ ਪ੍ਰਾਰਥਨਾ ਨਹੀਂ ਕੀਤੀ। ਉਸ ਨੇ ਕਿਹਾ ਕਿ ਤੁਸੀਂ ਇਸ ਤਰਾਂ ਪ੍ਰਾਰਥਨਾ ਕਰੋ। ਯਿਸੂ ਸਾਨੂੰ ਇੱਕ ਅਜਿਹੇ ਸਥਾਨ ਤੇ ਪ੍ਰਾਰਥਨਾ ਕਰਨ ਲਈ ਆਖਦਾ ਜਿੱਥੇ ਅਸੀਂ ਬੂਹਾ ਬੰਦ ਕਰਕੇ ਇੱਕਲੇ ਹੋ ਸਕਦੇ ਹਾਂ ਜਿੱਥੇ ਪ੍ਰਭਾਵਿਤ ਕਰਨ ਲਈ ਹੋਰ ਕੋਈ ਨਹੀਂ ਪਰ ਇੱਕਲਾ ਪਰਮੇਸ਼ੁਰ ਹੈ।

ਇਸ ਨਮੂਨੇ  ਦੀ ਪ੍ਰਾਰਥਨਾ ਵਿੱਚ ਭਾਗਸ਼ਾਲੀ ਅਰਜ਼ੀਆਂ ਸ਼ਾਮਿਲ ਹਨ, ਜੋ ਉਹ ਪ੍ਰਾਰਥਨਾ ਬੇਨਤੀਆਂ ਹਨ, ਜੋ ਪਰਮੇਸ਼ੁਰ ਦੀ ਚਿੰਤਾ ਨੂੰ ਪਹਿਲਾਂ ਰੱਖਦੀਆਂ ਹਨ । ਇਸ ਵਿੱਚ ਵਿਅਕਤੀਗਤ ਬੇਨਤੀਆਂ ਵੀ ਸ਼ਾਮਿਲ ਹਨ, ਜੋ ਚੇਲਿਆਂ ਦੀਆਂ ਲੋੜਾਂ ਬਾਰੇ ਪ੍ਰਾਰਥਨਾ ਬੇਨਤੀਆਂ ਹਨ । ਇਹ ਪਰਮੇਸ਼ੁਰ ਨੂੰ ਲਗਾਤਾਰ ਪਹਿਲਾਂ ਰੱਖਣ ਦੇ ਬਾਈਬਲ ਦਾ ਸੰਦੇਸ਼ ਨਾਲ ਢੁੱਕਵਾਂ ਹੈ। ਜਦੋਂ ਅਸੀਂ ਇਹ ਕਰਦੇ ਹਾਂ, ਅਸੀਂ ਪਰਮੇਸ਼ੁਰ ਕੋਲ ਇੱਕ ਖ਼ਰੀਦਦਾਰੀ ਦੀ ਸੂਚੀ ਨਾਲ ਨਹੀਂ ਆਉਂਦੇ ਜੋ ਉਹ ਸਾਡੇ ਲਈ ਕਰ ਸਕਦਾ ਹੈ, ਪਰ ਇਹ ਪੁੱਛਦੇ ਕਿ ਅਸੀਂ ਉਸ ਲਈ ਕੀ ਕਰ ਸਕਦੇ ਹਾਂ। ਜਦੋਂ ਅਸੀਂ ਆਪਣੀ ਇੱਛਾ ਨੂੰ ਉਸ ਨਾਲ ਪੰਕਤੀ ਵਿੱਚ ਰੱਖਦੇ ਹਾਂ ਉਹ ਸਾਡੀਆਂ ਵਿਅਕਤੀਗਤ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ ।

1. ਮੱਤੀ 6:8 ਵਿੱਚ ਯਿਸੂ ਆਖਦਾ ਹੈ ਕਿ ਸਾਡਾ ਪਿਤਾ ਸਾਡੇ ਮੰਗਣ ਤੋਂ ਪਹਿਲਾਂ ਜਾਣਦਾ ਕਿ ਸਾਨੂੰ ਕੀ ਲੋੜ ਹੈ।

2. ਸਹੀ ਜਾਂ ਗਲਤ: ਜਦੋਂ ਯਿਸੂ ਸਾਨੂੰ ਗੁਪਤ ਵਿੱਚ ਪ੍ਰਾਰਥਨਾ ਕਰਨ ਲਈ ਆਖਦਾ ਹੈ, ਉਸ ਦਾ ਅਰਥ ਕਿ ਸਾਨੂੰ ਕਦੀਂ ਵੀ ਸਾਰਵਜਨਿਕ ਆਰਧਨਾ ਵਿੱਚ ਪ੍ਰਾਰਥਨਾ ਨਹੀਂ ਕਰਨੀ ਚਾਹੀਦੀ ।

3. ਸਹੀ **ਜਾਂ** ਗਲਤ : ਯਿਸੂ ਨੇ ਇਹ ਪ੍ਰਾਰਥਨਾ ਇੱਕ ਨਮੂਨੇ ਵਜੋਂ ਦਿੱਤੀ ਕਿ ਕਿਵੇਂ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ।

4. ਸਹੀ ਜਾਂ ਗਲਤ : ਕਿਸੇ ਵੀ ਕਿਸਮ ਦੀ ਪ੍ਰਾਰਥਨਾ ਵਿੱਚ ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਅਸੀਂ ਪਰਮੇਸ਼ੁਰ ਨਾਲ ਗੱਲ ਕਰ ਰਹੇ ਹਾਂ ਅਤੇ ਸਾਡੇ ਆਲੇ ਦੁਆਲੇ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਹਾਂ ।

5. ਸਹੀ ਜਾਂ ਗਲਤ: ਪਰਮੇਸ਼ੁਰ ਨੂੰ "ਪਿਤਾ" ਕਰਕੇ ਬੁਲਾਉਣਾ ਯਿਸੂ ਦੇ ਚੇਲਿਆਂ ਲਈ ਇੱਕ ਨਵਾਂ ਅਤੇ ਅਤਿਵਾਦੀ ਸਿਧਾਂਤ ਸੀ ।

6. ਹੇਠਾਂ ਲਿਖੀ ਸੂਚੀ ਵਿੱਚ, ਹਰੇਕ ਬੇਨਤੀ ਦੇ ਅੱਗੇ ਇੱਕ ਗੋਲ ਚੱਕਰ ਲਗਾਓ ਜੋ ਪਰਮੇਸ਼ੁਰ ਭਾਗਸ਼ਾਲੀ ਅਰਜ਼ੀਆਂ ਵਿੱਚ ਇਕ "ਪਰਮੇਸ਼ੁਰ-ਪਹਿਲਾਂ" ਦੀਆਂ ਹਨ। ਤਦ ਉਹਨਾਂ ਦੇ ਸਾਹਮਣੇ ਇੱਕ ਸਹੀ ਦਾ ਨਿਸ਼ਾਨ ਲਗਾਓ ਜੋ ਚੇਲਿਆਂ ਦੀਆਂ ਆਪਣੀਆਂ ਲੋੜਾ ਲਈ ਇੱਕ ਵਿਅਕਤੀਗਤ ਬੇਨਤੀ ਹੈ ।

- ਤੇਰਾ ਨਾਮ ਪਾਕ ਮੰਨਿਆ ਜਾਵੇ
- √ ਸਾਡੀ ਰੋਜ ਦੀ ਰੋਟੀ ਸਾਨੂੰ ਦਿਹ
- √ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ  ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ
- ਤੇਰੀ ਮਰਜ਼ੀ ਪੂਰੀ ਹੋਵੇ
- √ ਸਾਨੂੰ ਬੁਰਿਆਈ ਤੋਂ ਬਚਾ
- ਤੇਰਾ ਰਾਜ ਆਵੇ
- √ ਸਾਨੂੰ ਪਰਤਾਵੇ ਵਿੱਚ ਨਾ ਲਿਆ

7. ਇਹ ਸਮਝਣਾ ਮਹੱਤਵਪੂਰਣ ਕਿਉਂ ਹੈ ਕਿ ਪਰਮੇਸ਼ੁਰ ਸਾਡਾ "ਪਿਤਾ" ਹੈ? (ਜੋ ਸਾਰੇ ਲਾਗੂ ਹੁੰਦੇ ਹਨ ਤੇ ਗੋਲ ਚੱਕਰ ਲਗਾਓ)

ੳ. ਇਹ ਵਿਖਾਉਂਦਾ ਕਿ ਉਹ ਇੱਕ ਵਿਅਕਤੀਗਤ ਪਰਮੇਸ਼ੁਰ ਹੈ ।

ਅ. ਇਹ ਵਿਖਾਉਂਦਾ ਕਿ ਉਹ ਸਾਡੇ ਜੀਵਨਾਂ ਦੇ ਵੇਰਵੇ ਵਿੱਚ ਦਿਲਚਸਪ ਹੈ।

ੲ. ਇਹ ਵਿਖਾਉਂਦਾ ਕਿ ਸਾਨੂੰ ਉਸ ਕੋਲ ਇੱਕ ਜ਼ਾਜਕ ਰਾਹੀਂ ਨਹੀਂ ਪਹੁੰਚਣਾ ਹੈ।

ਸ. ਕਿਉਂਕਿ ਇਹ ਵਿਚਾਰ ਪੁਰਾਣੇ ਨਿਯਮ ਵਿੱਚ ਕਿਤੇ ਵੀ ਨਹੀਂ ਪਾਇਆ ਗਿਆ ਹੈ।

8. ਇਹ ਸਮਝਣਾ ਮਹੱਤਵਪੂਰਣ ਕਿਉਂ ਹੈ ਕਿ ਪਰਮੇਸ਼ੁਰ ਸਾਡਾ "ਸਵਰਗੀ" ਹੈ?

ੳ. ਇਹ ਵਿਖਾਉਂਦਾ ਕਿ ਉਹ ਇੱਕ ਸਵਰਗੀ ਪਰਮੇਸ਼ੁਰ ਹੈ ।

ਅ. ਇਹ ਵਿਖਾਉਂਦਾ ਕਿ ਉਹ ਇੱਕ ਸਰਵ ਸ਼ਕਤੀਮਾਨ ਪਰਮੇਸ਼ੁਰ ਹੈ ।

ੲ. ਇਸ ਦਾ ਅਰਥ ਕਿ ਸਾਨੂੰ ਇੱਕ ਜ਼ਾਜਕ ਰਾਹੀਂ ਜਾਣਾ ਚਾਹੀਦਾ ਹੈ ।

ਸ. ਇਸ ਦਾ ਅਰਥ ਕਿ ਸਾਡਾ ਪਰਮੇਸ਼ੁਰ ਅੱਤ ਉੱਚਾ ਅਤੇ ਹਰ ਚੀਜ਼ ਦਾ ਨਿਯੰਤਣ ਕਰਦਾ ਹੈ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉੱਤਰ ਚੁਣੋ ।

9. ਜਦੋਂ ਅਸੀਂ ਪ੍ਰਾਰਥਨਾ ਕਰਦੇ "ਤੇਰਾ ਨਾਮ ਪਾਕ ਮੰਨਿਆ ਜਾਵੇ,"ਅਸੀਂ ਆਖਦੇ ਹਾਂ________।

ੳ. ਪਰਮੇਸ਼ੁਰ ਦਾ ਨਾਮ ਬੋਲਣ ਲਈ ਬਹੁਤ ਪਵਿੱਤਰ ਹੈ

ਅ. ਕਿ ਅਸੀਂ ਇਸ ਢੰਗ ਨਾਲ ਜੀਵਨ ਬਿਤਾਉਣਾ ਚਾਹੁੰਦੇ ਹਾਂ ਕਿ ਲੋਕ ਉਸ ਦੇ ਨਾਮ ਦਾ ਆਦਰ ਕਰਨ

ੲ. ਕਿ ਪ੍ਰਾਰਥਨਾ ਦਾ ਕੁੰਜ਼ੀ ਇਹ ਜਾਨਣਾ ਕਿ ਪਰਮੇਸ਼ੁਰ ਨਾਲ ਕਿਵੇਂ ਸੰਬੋਧਨ ਕਰਨਾ ਹੈ

10. ਜਦੋਂ ਅਸੀਂ ਪ੍ਰਾਰਥਨਾ ਕਰਦੇ "ਤੇਰਾ ਰਾਜ ਆਵੇ,"ਅਸੀਂ ਆਖਦੇ ਹਾਂ______।

ੳ. ਅਸੀਂ ਯਿਸੂ ਦੀ ਵਾਪਸੀ ਲਈ ਤਿਆਰ ਹਾਂ

ਅ. ਅਸੀਂ ਚਾਹੁੰਦੇ ਹਾਂ ਕਿ ਪਰਮੇਸ਼ੁਰ ਧਰਤੀ ਦੀ ਸਰਕਾਰ ਨੂੰ ਪਲਟ ਦੇਵੇ

ੲ. ਅਸੀਂ ਉਸ ਦੇ ਰਾਜ ਵਿੱਚ ਹੋਣਾ ਚਾਹੁੰਦੇ ਹਾਂ ਅਤੇ ਨਾ ਕਿ ਆਪਣੇ ਵਿੱਚ

11. ਮੱਤੀ 26:39 ਪੜ੍ਹੋ । ਇਸ ਆਇਤ ਵਿੱਚ, ਚੇਲਿਆਂ ਦੀ ਪ੍ਰਾਰਥਨਾ ਤੋਂ ਕਿਹੜੀ ਬੇਨਤੀ ਦਾ ਯਿਸੂ ਨੇ ਨਮੂਨਾ ਦਿੱਤਾ?

ੳ. ਸਾਡੀ ਰੋਜ ਦੀ ਰੋਟੀ ਸਾਨੂੰ ਦਿਹ

ਅ. ਤੇਰੀ ਮਰਜ਼ੀ ਪੂਰੀ ਹੋਵੇ

ੲ. ਸਾਨੂੰ ਬੁਰਿਆਈ ਤੋਂ ਬਚਾ

12. ਜਦੋਂ ਯਿਸੂ ਸਾਨੂੰ ਸਾਡੀ ਰੋਜ਼ ਦੀ ਰੋਟੀ ਮੰਗਣ ਲਈ ਆਖਦਾ ਹੈ, ਉਸ ਦਾ ਅਰਥ ਹੈ ______________________________________।

ੳ. ਰੋਟੀ ਸਾਡੀਆਂ ਸਾਰੀਆਂ ਲੋੜਾਂ ਨੂੰ ਦਰਸਾਉਂਦੀ ਹੈ

ਅ. ਇਹ ਕਿ ਸਾਨੂੰ ਸਿਰਫ਼ ਰੋਟੀ ਨਾਲ ਸੰਤੁਸ਼ਟ ਰਹਿਣਾ ਹੈ, ਹੋਰ ਕੁਝ ਨਹੀਂ

ੲ. ਰੋਟੀ ਸਿਰਫ਼ ਆਤਮਿਕ ਭੋਜਨ ਲਈ ਇੱਕ ਰੂਪਕ ਹੈ

13. ਆਤਮਿਕ ਪ੍ਰਾਰਥਨਾਵਾਂ ਵਿੱਚ ਯਿਸੂ ਨੇ ਮਾਫ਼ੀ ਨੂੰ ਸੂਚੀ ਵਿੱਚ ਪਹਿਲਾਂ ਕਿਉਂ ਰੱਖਿਆ ਹੈ?

ੳ. ਕਿਉਂਕਿ ਇਹ ਸਾਡੀ ਸਭ ਤੋਂ ਮਹੱਤਵਪੂਰਣ ਲੋੜ ਹੈ

ਅ. ਕਿਉਂਕਿ ਉਸ ਦੇ ਚੇਲੇ ਖ਼ਾਸ ਕਰਕੇ ਪਾਪ ਦੇ ਦੋਸ਼ੀ ਸਨ

ੲ. ਕਿਉਂਕਿ ਪਰਮੇਸ਼ੁਰ ਮਾਫ਼ੀ ਲਈ ਅਣਇੱਛੁਕ ਹੈ ਅਤੇ ਲਗਾਤਾਰ ਮਨਾਉਣ ਦੀ ਲੋੜ ਹੈ

14. ਯਿਸੂ ਆਖਦਾ ਹੈ ਕਿ ਸਾਨੂੰ ਹਰ ਦਿਨ ਮੰਗਣਾ ਹੈ: (ਹਰੇਕ ਸਹੀ ਉੱਤਰ ਤੇ ਗੋਲ ਚੱਕਰ ਲਗਾਓ ਅਤੇ ਗਲਤ ਉੱਤਰ ਤੇ X ਦਾ ਨਿਸ਼ਾਨ ਲਗਾਓ)

- ਸੁੱਰਖਿਆ
- ਰੋਟੀ
- ਅਗਵਾਈ
- ਧਨ
- ਮਾਫ਼ੀ
- ਬੁਰਿਆਈ ਤੋਂ ਛੁੱਟਕਾਰਾ
- ਸ਼ਾਂਤੀ
- ਸੇਹਤ

15. ਜੇਕਰ ਪਰਮੇਸ਼ੁਰ ਨਹੀਂ ਪਰਖ਼ਦਾ (ਯਾਕੂਬ 1:13), ਯਿਸੂ ਨੇ ਉਸ ਦੇ ਚੇਲਿਆਂ ਨੂੰ ਕਿਉਂ ਕਿਹਾ ਕਿ ਪਰਮੇਸ਼ੁਰ ਤੋਂ ਮੰਗੋ ਕਿ ਸਾਨੂੰ ਪਰਤਾਵੇ ਵਿੱਚ ਨਾ ਪਾ?

ੳ. ਕਿਉਂਕਿ ਭਾਵੇਂ ਕਿ ਪਰਮੇਸ਼ੁਰ ਸਾਨੂੰ ਨਹੀਂ ਪਰਖ਼ਦਾ, ਉਹ ਵੇਖਣਾ ਚਾਹੁੰਦਾ ਹੈ ਕਿ ਜਦੋਂ ਅਸੀਂ ਪਰਤਾਵੇ ਵਿਚ ਹੋਵਾਂਗੇ ਤਾਂ ਕਿ ਅਸੀਂ ਕੀ ਕਰਾਂਗੇ

ਅ. ਕਿਉਂਕਿ ਪਰਮੇਸ਼ੁਰ ਨੂੰ ਸਾਨੂੰ ਇੱਕ ਫੇਰ ਮਾਫ਼ ਨਹੀਂ ਕਰਨਾ ਹੋਵੇਗਾ

ੲ. ਕਿਉਂਕਿ ਅਸੀਂ ਕਮਜ਼ੋਰ ਹਾਂ ਅਤੇ ਸਾਡਾ ਮਨੁੱਖੀ ਸੁਬਾਉ ਪਾਪ ਪ੍ਰਤੀ ਰੁੱਝਾਨ ਰੱਖਦਾ ਹੈ

16. ਜਦੋਂ ਅਸੀਂ ਬੁਰਿਆਈ ਤੋਂ ਬਚਣ ਦੀ ਪ੍ਰਾਰਥਨਾ ਕਰਦੇ ਹਾਂ, ਅਸੀਂ ਸੱਚਮੁੱਚ ਪਰਮੇਸ਼ੁਰ ਨੂੰ ਕਹਿ ਰਹੇ ਹਾਂ______________?

ੳ. ਸਾਨੂੰ ਸੰਸਾਰ ਤੋਂ ਬਾਹਰ ਕੱਢ ਲੈ

ਅ. ਸ਼ਤਾਨ ਵਿਰੁੱਧ ਸਾਡੀ ਸੁੱਰਖਿਆ ਲਈ ਉਸ ਦੀ ਤਾਕਤ ਦਾ ਪ੍ਰਯੋਗ ਕਰਨਾ

ੲ. ਪ੍ਰੀਖਿਆ ਅਤੇ ਪਾਪ ਲਈ ਸਾਨੂੰ ਸੁੱਰਖਿਅਤ ਬਣਾਉਣਾ

17. ਸਹੀ ਜਾਂ ਗਲਤ : ਚੇਲਿਆਂ ਦੀ ਪ੍ਰਾਰਥਨਾ ਪਰਮੇਸ਼ੁਰ ਪਹਿਲਾਂ ਦੀ ਇੱਕ ਘੋਸ਼ਣਾ ਨਾਲ ਸਮਾਪਤ ਹੁੰਦੀ ਹੈ ।

ਕੀ ਤੁਹਾਡੀਆਂ ਪ੍ਰਾਰਥਨਾ ਪਹਿਲਾਂ ਪਰਮੇਸ਼ੁਰ ਤੇ ਕੇਂਦਿਰਤ ਹਨ? ਚੇਲਿਆਂ ਦੀ ਪ੍ਰਾਰਥਨਾ ਵਿੱਚ ਕਿਹੜੀ ਪ੍ਰਾਰਥਨਾ ਤੁਸੀ ਨਿਰੰਤਰ ਘੱਟ ਤੋਂ ਘੱਟ ਕਰਦੇ ਹੋ ?

_____________________________________________________
_____________________________________________________
_____________________________________________________
_____________________________________________________
_____________________________________________________
_____________________________________________________

ਉਸ ਪ੍ਰਾਰਥਨਾ ਤੇ ਅੱਜ ਕੇਂਦਰਿਤ ਹੁੰਦੇ ਕੁਝ ਸਮਾਂ ਖ਼ਰਚ ਕਰੋ ।

## ਵਰਤ ਦਾ ਅਨੁਸ਼ਾਸਨ

"ਅਤੇ ਜਾਂ ਤੁਸੀਂ ਵਰਤ ਰੱਖੋ ਤਾਂ ਕਪਟੀਆਂ ਵਾਂਙੁ ਮੂੰਹ ਉਦਾਸ ਨਾ ਬਣਾਓ ਕਿਉਂ ਜੋ ਓਹ ਆਪਣੇ ਮੂੰਹ ਇਸ ਲਈ ਵਿਗੜਾਦੇ ਹਨ ਭਈ ਓਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ । ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਓਹ ਆਪਣਾ ਫਲ ਪਾ ਚੁੱਕੇ। ਪਰ ਜਾਂ ਤੂੰ ਵਰਤ ਰੱਖੇ ਤਾਂ ਆਪਣੇ ਸਿਰ ਉੱਤੇ ਤੇਲ ਲਾ ਅਤੇ ਆਪਣਾ ਮੂੰਹ ਧੋ । ਤੂੰ ਮਨੁੱਖਾਂ ਨੂੰ ਨਹੀਂ ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ ਮਲੂਮ ਹੋਵੇਂ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ" – ਮੱਤੀ 6:16-18

ਦੇਣ ਅਤੇ ਪ੍ਰਾਰਥਨਾ ਕਰਨ ਵਾਂਙ ਹੀ, ਵਰਤ ਵੀ ਉਪਰ, ਪਰਮੇਸ਼ੁਰ ਦੀ ਵੱਲ ਹੋਣਾ ਚਾਹੀਦਾ ਹੈ ਨਾ ਕਿ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ । ਜਿਵੇਂ ਕਿ ਦੂਸਰੇ ਅਨੁਸ਼ਾਸਨ ਨਾਲ, ਪਰਮੇਸ਼ੁਰ ਜੋ ਉਹ ਵੇਖਦਾ ਹੈ ਉਸ ਨੂੰ ਇਨਾਮ ਦੇਵੇਗਾ।

1. ਮੱਤੀ 5:16 ਵਿੱਚ, ਯਿਸੂ ਨੇ ਉਸ ਦੇ ਚੇਲਿਆਂ ਨੂੰ ਕਿਹਾ ਕਿ ਜਾਂ ਵਰਤ ਰੱਖਣ ਉਹ ________ ਨਾ ਵਿਖਾਈ ਦੇਣ। ( ਬਿਮਾਰ, ਪਵਿੱਤਰ, ਖੁਸ਼, ਉਦਾਸ: ਤੋਂ ਚੁਣੋ)

2. ਸਹੀ ਜਾਂ ਗਲਤ: ਯਿਸੂ ਨੇ ਕਿਹਾ"ਜਾਂ ਤੁਸੀ ਵਰਤ ਰੱਖੋ...",ਨਹੀਂ "ਜੇ ਤੁਸੀਂ ਵਰਤ.."।

3. ਸਹੀ ਜਾਂ ਗਲਤ : ਫ਼ਰੀਸੀ ਚਾਹੁੰਦੇ ਸਨ ਕਿ ਲੋਕ ਉਹਨਾਂ ਤੇ ਵਰਤ ਤੇ ਧਿਆਨ ਦੇਣ ਕਿਉਂਕਿ ਇਹ ਉਹਨਾਂ ਨੂੰ ਦੂਸਰੀਆਂ ਨਾਲੋਂ ਜਿਆਦਾ ਧਾਰਮਿਕ ਵਿਖਣ ਵਾਲਾ ਬਣਾਉਂਦੀ ਸੀ ।

4. ਸਹੀ ਜਾਂ ਗਲਤ : ਮੱਤੀ 17:21 ਅਨੁਸਾਰ, ਵਰਤ ਪ੍ਰਾਰਥਨਾ ਵਿੱਚ ਸ਼ਕਤੀ ਜੋੜ ਸਕਦਾ ਹੈ ।

5. ਸਹੀ ਜਾਂ ਗਲਤ : ਵਰਤ ਰੱਖਣਾ ਆਤਮਿਕ ਅਤੇ ਪਰਮੇਸ਼ੁਰ ਪਹਿਲਾਂ ਤੇ ਕੇਂਦਰਿਤ ਹੋਣ ਵਿੱਚ ਸਹਾਇਤਾ ਕਰਦਾ ਹੈ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾ ਲਈ ਇੱਕ ਸਹੀ ਉੱਤਰ ਨੂੰ ਚੁਣੋ।

6. ਜਦੋਂ ਅਸੀਂ ਵਰਤ ਰੱਖਦੇ ਹਾਂ ਯਿਸੂ ਕਿਵੇ ਚਾਹੁੰਦਾ ਕਿ ਸਾਡੇ ਮੂੰਹ ਵਿਖਾਈ ਦੇਣ?
   ੳ. ਉਦਾਸ ਅਤੇ ਗੰਭੀਰ
   ਅ. ਥੱਕੇ ਅਤੇ ਭੁੱਖੇ
   ੲ. ਹਰੇਕ ਨਾਲੋਂ ਜਿਆਦਾ ਭੁੱਖੇ
   ਸ. ਚਮਕਦੇ ਅਤੇ ਆਨੰਦਿਤ

7. ਤੁਹਾਡੀ ਸੋਚ ਅਨੁਸਾਰ ਯਿਸੂ ਕਿਉਂ ਚਾਹੁੰਦਾ ਸੀ ਕਿ ਉਸ ਦੇ ਚੇਲੇ ਵਰਤ ਰਖਣ?

   ੳ. ਪਰਮੇਸ਼ੁਰ ਦੀ ਕਿਰਪਾ ਨੂੰ ਪ੍ਰਾਪਤ ਕਰਨ ਅਤੇ ਉਸ ਨੂੰ ਸੁਨਣ ਲਈ
   ਅ. ਸਵੈ-ਅਨੁਸ਼ਾਸਨ ਦੀ ਇੱਕ ਸਿੱਧਤਾ ਵਜੋਂ
   ੲ. ਉਹਨਾਂ ਦੇ ਧਿਆਨ ਨੂੰ ਪਰਮੇਸ਼ੁਰ ਤੇ ਕੇਂਦਰਿਤ ਕਰਨ ਲਈ
   ਸ. ਸੇਹਤ ਦੇ ਲਾਭਾਂ ਲਈ



ਕੀ ਤੁਸੀਂ ਕਦੇ ਗੁਪਤ ਵਰਤ, ਪਰਮੇਸ਼ੁਰ ਵਿੱਚ ਵਿਸ਼ਵਾਸ਼ ਦੇ ਇੱਕ ਸਿੱਧੇ ਪ੍ਰਗਟਾਵ ਵਜੋਂ, ਰੱਖਿਆ ਹੈ?______________________________________________

ਤੁਹਾਡਾ ਰੱਵਈਆ ਵਰਤ ਰੱਖਣ ਦੁਆਰਾ ਪ੍ਰਾਰਥਨਾ ਵਿੱਚ ਕਿਵੇਂ ਪ੍ਰਭਾਵਿਤ ਹੋਈਆ ਹੈ?
_______________________________________________________
_______________________________________________________
_______________________________________________________
_______________________________________________________
_______________________________________________________

## ਇੱਕ ਚੇਲੇ ਦੀਆਂ ਉਪਰ ਦੀਆਂ ਕੀਮਤਾਂ



"ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰਨ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ । ਕਿਉਂਕਿ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਧਨ ਹੋਵੇਗਾ ।

*" ਸਰੀਰ ਦਾ ਦੀਵਾ ਅੱਖ ਹੈ, ਇਸ ਲਈ ਜੋ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਾਨਣਾ ਹੋਵੇਗਾ । ਪਰ ਜੇ ਤੇਰੀ ਅੱਖ ਬੁਰੀ ਹੋਵੇ ਤਾਂ ਤੇਰਾ ਸਾਰਾ ਸਰੀਰ ਅਨ੍ਹੇਰਾ ਹੋਵੇਗਾ। ਸੋ ਜੇ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ ਤਾਂ ਕਿੱਡਾ ਅਨ੍ਹੇਰਾ ਹੋਵੇਗਾ !*

*" ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ ਕਿਉਂ ਜੋ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇੱਕ ਨਾਲ ਮਿਲੀਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ"*

– ਮੱਤੀ 6:19-24

ਯਿਸੂ ਆਪਣੇ ਚੇਲਿਆਂ ਨੂੰ ਸਿਖਾ ਰਿਹਾ ਸੀ ਕਿ ਪਾਹਾੜ ਦੇ ਹੇਠਾ ਲੋਕਾਂ ਦਾ ਇੰਨ੍ਹੀ ਜਿਆਦਾ ਸੱਮਸਿਆ ਵਿੱਚ ਹੋਣ ਦਾ ਇੱਕ ਕਾਰਨ ਇਹ ਸੀ ਕਿ ਕਿ ਉਹ ਗ਼ਲਤ ਕੀਮਤਾਂ ਨਾਲ ਰਹਿ ਰਹੇ ਸਨ। ਚੇਲੇ ਜਿਨ੍ਹਾਂ ਦਾ ਉਹਨਾਂ ਦੇ ਅੰਦਰ ਸਹੀ ਵਰਤਾਉ ਸਨ ਸਹੀ ਕੀਮਤਾਂ ਨਾਲ ਰਹਿ ਰਹੇ ਸਨ। ਇਹੋ ਹੀ ਕਾਰਨ ਹੈ ਕਿ ਕਿਉਂ ਸੰਸਾਰ ਵਿੱਚ ਉਹਨਾਂ ਕੋਲ ਲੂਣ ਅਤੇ ਚਾਨਣ ਦਾ ਇੱਕ ਪ੍ਰਭਾਵ ਹੈ; ਉਹਨਾਂ ਦੀਆਂ ਪ੍ਰਥਾਮਿਕਤਾਵਾਂ ਸਦੀਪਕ ਕਾਲ ਤੇ ਅਧਾਰਿਤ ਸਨ ਅਤੇ ਨਾ ਕਿ ਸੰਸਾਰਿਕ ਧਨ ਤੇ ।

1. ਮੱਤੀ 6:20 ਵਿੱਚ, ਯਿਸੂ ਨੇ ਉਸ ਦੇ ਚੇਲਿਆਂ ਨੂੰ ਕਿਹਾ ਕਿ ਆਪਣੇ ਆਪ ਲਈ _________ਵਿੱਚ ਧਨ ਜੋੜੋ। ( ਘਰ, ਸਵਰਗ, ਬੈਂਕ ਕਲੀਸਿਯਾ: ਤੋਂ ਚੁਣੋ)

2. ਸਹੀ ਜਾਂ ਗਲਤ : ਜੋ ਅਸੀਂ ਧਨ ਜੋੜਦੇ ਅਤੇ ਸਾਡੇ ਦਿਲਾਂ ਵਿ'ਚਕਾਰ ਕੋਈ ਸੰਬੰਧ ਨਹੀਂ ਹੈ ।

3. ਸਹੀ ਜਾਂ ਗਲਤ: ਸਾਡੀਆਂ ਕੀਮਤਾਂ ਅਤੇ ਸਾਡੇ ਵਰਤਾਉ ਪ੍ਰਗਟ ਕਰਨਗੇ ਕਿ ਅਸੀਂ ਚਾਨਣ ਨਾਲ ਜਾਂ ਅੰਧਕਾਰ ਨਾਲ ਭਰੇ ਹੋਏ ਹਾਂ ।

ਜਿੰਨਾ ਚਿਰ ਦੱਸਿਆ ਨਹੀਂ ਜਾਂਦਾ ਤੱਦ ਤੱਕ ਹੇਠਾਂ ਲਿਖੇ ਪ੍ਰਸ਼ਨਾਂ ਲਈ ਇੱਕ ਸਹੀ ਉੱਤਰ ਚੁਣੋ ।

4. ਯਿਸੂ ਨੇ ਕਿਉਂ ਕਿਹਾ ਕਿ ਚੇਲਿਆਂ ਨੇ ਉਹਨਾਂ ਦੀ ਊਰਜਾ ਨੂੰ ਸੰਸਾਰਿਕ ਧਨ ਤੇ ਖ਼ਰਚ ਨਹੀਂ ਕਰਨਾ ਹੈ ?
   ੳ. ਕਿਉਂਕਿ ਧਰਤੀ ਤੇ ਗੱਲਾਂ ਮਹੱਤਵਪੂਰਣ ਨਹੀਂ ਹਨ।
   ਅ. ਕਿਉਂਕਿ ਸੰਸਾਰਿਕ ਧਨ ਦੀ ਸਦਾ ਅੰਤ ਵਿਚ ਕਦਰ ਘੱਟੇਗੀ ਜਾ ਚੋਰੀ ਹੋ ਜਾਵੇਗਾ।
   ੲ. ਕਿਉਂਕਿ ਧਨ ਪਾਪੀ ਹੈ ।

5. ਜਦੋਂ ਯਿਸੂ ਨੇ ਕਿਹਾ ਕਿ ਇ'ਕ ਚੇਲਾ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ, ਪਰਮੇਸ਼ੁਰ ਤੋਂ ਇਲਾਵਾ ਉਸ ਨੇ ਕਿਹੜੇ ਸਵਾਮੀ ਦਾ ਵਰਨਣ ਕੀਤਾ ਹੈ?
   ੳ. ਪਦਵੀ  ਅ. ਧਨ
   ੲ. ਕੰਮ  ਸ. ਪਰਿਵਾਰ

6. ਹੇਠਾਂ ਦਿੱਤੀ ਸੂਚੀ ਵਿੱਚੋ ਕਿਹੜੀਆਂ ਵਸਤੂਆਂ ਤੁਹਾਨੂੰ ਯਿਸੂ ਦੀ ਸੇਵਾ ਕਰਨ ਤੋਂ ਧਿਆਨ ਹਟਾਉਂਦੀਆਂ ਹਨ? (ਜੋ ਸਾਰੇ ਲਾਗੂ ਹੁੰਦੇ ਹਨ ਉਹਨਾਂ ਤੇ ਗੋਲ ਚੱਕਰ ਲਗਾਓ)

   - ਚਿੰਤਾਵਾਂ
   - ਭਵਿੱਖ ਦੀਆਂ ਯੋਜਨਾਵਾਂ
   - ਕੰਮ ਦੀਆਂ ਕ੍ਰਿਆਵਾਂ
   - ਮਿੱਤਰਾਂ ਦੀਆਂ ਇੱਛਾਵਾਂ ਨਾਲ ਸੰਬੰਧ
   - ਮਲਕੀਅਤ
   - ਪੜਾਈ
   - ਪਦਵੀ
   - ਨਸ਼ੇ
   - ਪਰਿਵਾਰਿਕ ਸੰਬੰਧ
   - ਮਾੜੀਆਂ ਆਦਤਾਂ

ਉਪਰ ਦਿੱਤੀ ਸੂਚੀ ਤੋਂ, ਕੀ ਤੁਸੀਂ ਕੋਈ ਵਰਤਾਉ ਜਾਂ ਕ੍ਰਿਆ ਨੂੰ ਪਛਾਣ ਸਕਦੇ ਜਿਸ ਲਈ ਮਸੀਹ, ਜਿੰਨਾ ਵਿੱਚ ਉਹ ਤੁਹਾਡਾ ਸਵਾਮੀ ਰਹਿੰਦਾ ਮੰਨ੍ਹਾ ਕਰਦਾ ਹੈ?____ । ਜੇਕਰ ਇਹਨਾਂ ਵਿੱਚੋਂ ਇੱਕ ਪਰਮੇਸ਼ੁਰ ਨਾਲ ਤੁਹਾਡੇ ਸੰਬੰਧ ਤੋਂ ਤਹਾਡਾ ਧਿਆਨ ਹਟਾਉਣਾ ਆਰੰਭ ਕਰਦੀ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ ?

## ਲੂਣ ਅਤੇ ਚਾਨਣ ਕੀਮਤਾਂ

"ਇਸ ਕਰਕੇ ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾ ਦੇ ਲਈ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਵਾਂਗੇ ਯਾ ਕੀ ਪੀਵਾਂਗੇ ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ, ਪ੍ਰਾਣ ਭੋਜਨ ਨਾਲੋਂ ਅਤੇ ਸਰੀਰ ਬਸਤ੍ਰ ਨਾਲੋਂ ਵਧੀਕ ਨਹੀਂ? ਅਕਾਸ਼ ਦੇ ਪੰਛੀਆਂ ਦੇ ਵੱਲ ਧਿਆਨ ਕਰੋ ਜੋ ਓਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿੱਚ ਇੱਕਠੇ ਕਰਦੇ ਹਨ ਅਰ ਤੁਹਾਡਾ ਸੁਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ । ਭਲਾ, ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ? ਅਤੇ ਤੁਹਾਡੇ ਵਿੱਚੋਂ ਕਿਹੜਾ ਹੈ ਜਿਹੜਾ ਚਿੰਤਾ ਕਰਕੇ ਆਪਣੀ ਉਮਰ ਨੂੰ ਇੱਕ ਪਲ ਵਧਾ ਸਕਦਾ ਹੈ?

*ਅਤੇ ਬਸਤ੍ਰ ਲਈ ਕਾਹਨੂੰ ਚਿੰਤਾ ਕਰਦੇ ਹੋ? ਜੰਗਲੀ ਸੋਸਨਾਂ ਨੂੰ ਵੇਖੋ ਜੋ ਓਹ ਕਿਕੁਰ ਵਧਦੇ ਹਨ । ਓਹ ਨਾ ਮਿਹਨਤ ਕਰਦੇ ਨਾ ਕੱਤਦੇ ਹਨ। ਪਰ ਮੈਂ ਤੁਹਾਨੂੰ ਕਹਿੰਦਾ ਹਾਂ ਭਈ ਸੁਲੇਮਾਨ ਵੀ ਆਪਣੀ ਸਾਰੀ ਭੜਕ ਵਿੱਚੋਂ ਇੱਕ ਜਿਹਾ ਪਹਿਨੀਆ ਹੋਇਆ ਨਾ ਸੀ । ਸੋ ਜਾਂ ਪਰਮੇਸ਼ੁਰ ਜੰਗਲੀ ਬੂਟੀ ਨੂੰ ਜਿਹੜੀ ਅੱਜ ਹੈ ਅਤੇ ਭਲਕੇ ਤੰਦੂਰ ਵਿੱਚ ਝੋਕੀ ਜਾਂਦੀ ਅਜਿਹਾ ਪਹਿਨਾਉਂਦਾ ਹੈ ਤਾਂ ਹੈ ਥੋੜੀ ਪਰਤੀਤ ਵਾਲਿਓ ਭਲਾ, ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ ? ਸੋ ਤੁਸੀਂ ਚਿੰਤਾ ਕਰਕੇ ਇਹ ਨਾ ਕਹੋ ਭਈ ਅਸੀਂ ਕੀ ਪਹਿਨਾਂਗੇ? ਪਰਾਈਆਂ ਕੌਮਾਂ ਦੇ ਲੋਕ ਤਾਂ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ, ਕਿਉਂ ਜੋ ਤਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਹਨਾਂ ਸਭਨਾਂ ਵਸਤਾਂ ਦੀ ਲੋੜ ਹੈ। ਪਰ ਤੁਸੀਂ ਪਹਿਲਾਂ ਉਸ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੇਗਾ । ਅੱਜ ਦੇ ਲਈ ਅੱਜ ਹੀ ਦਾ ਦੁਖ ਬਥੇਰਾ ਹੈ ।*

–ਮੱਤੀ 6:25-34

ਇਹ ਭਾਗ ਚਿੰਤਾਵਾਂ ਦੀ ਚਰਚਾ ਕਰਦਾ ਹੈ, ਪਰ ਇਸ ਦੇ ਕੇਂਦਰੀ ਭਾਗ ਤੋਂ ਇਸ ਸੱਚ ਮੁੱਚ ਕੀਮਤਾਂ, ਪ੍ਰਾਥਮਿਕਤਾਵਾਂ ਬਾਰੇ ਸਿਖਾ ਰਿਹਾ ਹੈ । ਯਿਸੂ ਦੇ ਹਰੇਕ ਚੇਲੇ ਦਾ ਇੱਕ "ਪ੍ਰਾਥਮਿਕਤਾ ਨਿਸ਼ਾਨਾ" ਕੇਂਦਰ ਵਿੱਚ ਇੱਕ ਚੱਕਰ ਉਹਨਾਂ ਦੇ ਦਿਲਾਂ ਤੇ ਪਰਮੇਸ਼ੁਰ ਦੇ ਨਿਯਮ ਨੂੰ ਦਰਸਾਉਣਾ ਹੋਣਾ ਚਾਹੀਦਾ ਹੈ । ਉਸ ਕੇਂਦਰ ਦੇ ਬਾਹਰ ਸਭ ਕੁੱਝ ਰਾਜਿਆਂ ਦੇ ਰਾਜੇ ਦੁਆਰਾ ਪ੍ਰਾਥਮਿਕਤਾਵਾਂ ਨੂੰ ਦਿਤਾ ਜਾਣਾ ਚਾਹੀਦਾ ਹੈ ਜਿਹਾ ਕਿ ਉਹ ਸਾਨੂੰ ਵਿਖਾਉਂਦਾ ਕਿ ਸਹੀ ਕੀ ਹੈ। ਕੁਝ ਵੀ ਜਿਸ ਬਾਰੇ ਅਸੀਂ ਚਿੰਤਾ ਦੀ ਪ੍ਰੀਖਿਆ ਵਿੱਚ ਪੈਂਦੇ ਹਾਂ ਸਾਡੇ ਸੁਰਗੀ ਪਿਤਾ ਦੁਆਰਾ ਦਿੱਤਾ ਜਾਵੇਗਾ ।

1. ਮੱਤੀ 6:33 ਵਿੱਚ, ਯਿਸੂ ਨੇ ਕਿਹਾ ਕਿ ਸਾਡਾ ਪਹਿਲਾ ਅਤੇ ਵੱਡਾ ਕੰਮ ਪਰਮੇਸ਼ੁਰ ਦੇ ________ ਅਤੇ ਉਸ ਦੀ ____________ ਨੂੰ ਭਾਲਣਾ ਹੈ ।

2. ਸਹੀ ਜਾਂ ਗਲਤ : ਜਿਹਨਾਂ ਗੱਲਾਂ ਦੇ ਬਾਰੇ ਯਿਸੂ ਸਾਨੂੰ ਚਿੰਤਾ ਨਹੀਂ ਕਰਨ ਲਈ ਆਖਦਾ ਹੈ। ਉਹਨਾਂ ਨੂੰ ਜੇ ਅਸੀਂ ਕਾਫ਼ੀ ਸਖ਼ਤ ਕੋਸ਼ਿਸ ਕਰੀਏ ਤਾਂ ਨਿਯੰਤ੍ਰਣ ਕਰ ਸਕਦੇ ਹਾਂ ।

3. ਸਹੀ ਜਾਂ ਗਲਤ : ਯਿਸੂ ਵਾਅਦਾ ਕਰਦਾ ਹੈ ਕਿ ਅਸੀਂ ਵੀ ਉਵੇਂ ਚਿੰਤਾਵਾਂ ਤੋਂ ਅਜ਼ਾਦ ਹੋ ਸਕਦੇ ਜਿੰਨ੍ਹਾ ਕਿ ਪੰਛੀ ਅਤੇ ਘਾਹ ।

4. ਹੇਠਾਂ ਦਿੱਤੀ ਸੂਚੀ ਵਿੱਚ, ਜਿਨ੍ਹਾਂ ਗੱਲਾਂ ਬਾਰੇ ਤੁਸੀਂ ਜਿਆਦਾ ਚਿੰਤਾ ਕਰਦੇ ਹੋ ਉਨਾਂ ਤੇ ਗੋਲ ਚੱਕਰ ਲਗਾਓ । (ਉੱਤਰ ਭਿੰਨ ਹੋਣਗੇ )

| | |
|---|---|
| • ਭੋਜਨ | • ਕਪੜੇ |
| • ਧਨ | • ਓਟ |
| • ਪੀਣ | • ਕੰਮ |
| • ਸੰਬੰਧ | • ਬੱਚੇ |
| • ਪਤੀ/ਪਤਨੀ | • ਭਵਿੱਖ ਦੀਆਂ ਯੋਜਨਾਵਾਂ |

5. ਇਹਨਾਂ ਕਿਹੜਿਆਂ ਵਿੱਚ ਪਰਮੇਸ਼ੁਰ ਦਾ ਵਾਅਦਾ ਸ਼ਾਮਿਲ ਹੁੰਦਾ ਹੈ?
ਇਹਨਾਂ ਸਾਰਿਆਂ ਵਿੱਚ ।



ਕੀ ਤੁਸੀਂ ਆਪਣੇ ਜੀਵਨ ਨੂੰ ਪੂਰੀ ਤਰਾਂ, ਬਿਨਾਂ ਰਾਖ਼ਵਾਂ ਕੀਤੇ ਬਿਨ੍ਹਾਂ, ਪਰਮੇਸ਼ੁਰ ਦੇ ਰਾਜ ਅਤੇ ਉਸ ਦੀ ਧਾਰਮਿਕਤਾ ਨੂੰ ਭਾਲਣ ਲਈ ਦਿੱਤਾ ਹੈ ?____________

ਜੇਕਰ ਨਹੀਂ, ਅਜਿਹਾ ਕਰਨ ਤੋਂ ਕਿਹੜੇ ਬਚਾਓ ਕਰ ਰਹੇ ਹੋ?
______________________________________________
______________________________________________
______________________________________________